

ਮਾਨਯੋਗ ਖੇਤੀਬਾੜੀ ਮੰਤਰੀ ਸ. ਤੋਤਾ ਸਿੰਘ, ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ ਡਾ. ਜੀ ਐਸ ਕਾਲਕਟ ਅਤੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਕੋਲੋਂ ਸ. ਗੁਰਜੀਤ ਸਿੰਘ ਮਾਹਲ ਮੁੱਖ ਮੰਤਰੀ ਪੁਰਸਕਾਰ ਹਾਸਲ ਕਰਦੇ ਹੋਏ। ਨਿਰਦੇਸ਼ਕ ਪਸਾਰ ਸਿੱਖਿਆ ਡਾ. ਰਾਜਿੰਦਰ ਸਿੰਘ ਸਿੱਧੂ ਨਾਲ ਖੜ੍ਹੇ ਹਨ ।

## ਉਸਾਰੂ ਵਿਚਾਰਾਂ ਦੇ ਧਾਰਨੀ
## ਸ. ਗੁਰਜੀਤ ਸਿੰਘ ਮਾਹਲ

ਸ. ਗੁਰਜੀਤ ਸਿੰਘ ਮਾਹਲ ਪੁੱਤਰ ਸ. ਗੁਰਰਾਜ ਸਿੰਘ ਮਾਹਲ, ਪਿੰਡ ਬੁਰਜ, ਜ਼ਿਲ੍ਹਾ ਬਠਿੰਡਾ ਦੇ ਰਹਿਣ ਵਾਲੇ ਅਗਾਂਹਵਧੂ ਕਿਸਾਨ ਹਨ, ਜੋ ਪਿਛਲੇ 25 ਸਾਲਾਂ ਤੋਂ ਆਪਣੀ 21 ਏਕੜ 4 ਕਨਾਲ ਜ਼ਮੀਨ ਉੱਤੇ ਵਿਗਿਆਨਕ ਲੀਹਾਂ ਤੇ ਚਲਦਿਆਂ ਖੇਤੀ ਕਰ ਰਹੇ ਹਨ। ਇਹ ਅਗਾਂਹਵਧੂ ਕਿਸਾਨ ਗਿਆਨ ਹਾਸਲ ਕਰਨ ਲਈ ਸਬਜ਼ੀਆਂ ਖ਼ਾਸ ਕਰਕੇ ਪਿਆਜ਼ ਅਤੇ ਲੱਸਣ ਦੀ ਪੈਦਾਵਾਰ ਲਈ ਲਗਾਤਾਰ ਸਿਖਲਾਈ ਸੰਨ 2008 ਤੋਂ ਨੈਸ਼ਨਲ ਹਾਰਟੀਕਲਚਰ ਖੋਜ ਅਤੇ ਵਿਕਾਸ ਪ੍ਰੀਸ਼ਦ ਤੋਂ ਲੈ ਰਹੇ ਹਨ। ਨਵੀਨਤਮ ਖੇਤੀ ਖੋਜਾਂ ਦੀ ਜਾਣਕਾਰੀ ਹਾਸਲ ਕਰਨ ਲਈ ਸੰਨ 2012 ਤੋਂ ਪੀ ਏ ਯੂ ਫਾਰਮ ਸਲਾਹਕਾਰ ਸੇਵਾ, ਬਠਿੰਡਾ ਨਾਲ ਲਗਾਤਾਰ ਸਲਾਹ ਮਸ਼ਵਰਾ ਕਰ ਰਹੇ ਹਨ ਅਤੇ ਇਹ ਪੰਜਾਬ ਨੌਜਵਾਨ ਕਿਸਾਨ ਸੰਸਥਾ, ਫਾਰਮ ਸਲਾਹਕਾਰ ਸੇਵਾ ਬਠਿੰਡਾ ਅਤੇ ਕੋਆਪ੍ਰੇਟਿਵ ਸੁਸਾਇਟੀ ਬੁਰਜ ਦੇ ਮੈਂਬਰ ਹਨ। ਇਹ ਇਲਾਕੇ ਦੇ ਉੱਘੇ ਕਿਸਾਨਾਂ ਦੇ ਖੇਤਾਂ ਦਾ ਦੌਰਾ ਕਰ ਚੁੱਕੇ ਹਨ ਅਤੇ ਉਸ ਵੱਲੋਂ ਖੇਤੀ ਵਿੱਚ ਆਪਣੀਆਂ ਹੋਈਆਂ ਆਧੁਨਿਕ ਤਕਨੀਕਾਂ ਦੇਖ ਚੁੱਕੇ ਹਨ। ਇਸ ਤੋਂ ਇਲਾਵਾ ਕਈ ਵਾਰ ਬਾਹਰਲੇ ਰਾਜਾਂ ਦਾ ਦੌਰਾ ਕਰ ਚੁੱਕੇ ਹਨ। ਜ਼ਮੀਨ ਅਤੇ ਖੇਤੀਬਾੜੀ ਵਿੱਚ ਵਰਤੇ ਜਾਂਦੇ ਸੰਦਾਂ ਜਿਵੇਂ ਕਿ ਟਿਊਬਵੈੱਲ, ਫਾਰਮ ਮਸ਼ੀਨਰੀ, ਤੁਪਕਾ ਸਿੰਚਾਈ ਛਿੜਕਾਓ ਰਾਹੀਂ ਸਿੰਚਾਈ ਦੇ ਸੰਦ ਉਪਲਬਧ ਹਨ। ਇਸ ਕੋਲ ਖੇਤੀ ਮਸ਼ੀਨਰੀ, ਖਾਦਾਂ ਅਤੇ ਰਸਾਇਣਾਂ ਦੇ ਤਿੰਨ ਅਲੱਗ-ਅਲੱਗ ਸਟੋਰ ਹਨ। 10 ਏਕੜ ਵਿੱਚ ਇਨ੍ਹਾਂ ਨੇ ਕਿੰਨੂ ਦਾ ਬਾਗ ਲਗਾਇਆ ਹੋਇਆ ਹੈ ਅਤੇ ਇਸ ਵਿੱਚ ਡਰਿੱਪ ਸਿਸਟਮ ਵਿਧੀ ਨਾਲ ਪਾਣੀ ਲਾਉਂਦੇ ਹਨ ਅਤੇ ਫ਼ਸਲ ਨੂੰ ਸਿਰਫ਼ ਲੋੜ ਅਨੁਸਾਰ ਪਾਣੀ ਦਿੰਦੇ ਹਨ। ਬਾਕੀ ਸਾਰੇ ਖੇਤ ਵਿੱਚ ਪਾਈਪ ਲਾਈਨਾਂ ਨਾਲ ਸਿੰਚਾਈ ਕੀਤੀ ਜਾਂਦੀ ਹੈ। ਇਸ ਨੇ ਫਾਰਮ ਵਿੱਚ ਨਹਿਰੀ ਅਤੇ ਮੀਂਹ ਦੇ ਪਾਣੀ ਨੂੰ ਸਟੋਰ ਕਰਨ ਲਈ ਦੋ ਟੈਂਕ ਬਣਾਏ ਹੋਏ ਹਨ। ਇਹ ਖੇਤਾਂ ਵਿੱਚ ਨਹਿਰੀ ਪਾਣੀ ਦੀ ਵਰਤੋਂ ਕਰਦੇ ਹਨ, ਟਿਊਬਵੈੱਲ ਦਾ ਪਾਣੀ ਨਹੀਂ ਵਰਤਦੇ। ਭੂਮੀ ਦੀ ਸੰਭਾਲ ਲਈ ਸਾਰੇ ਖੇਤ

ਵਿੱਚ ਵਾਰੀ ਸਿਰ ਹਰ ਸਾਲ ਦੇਸੀ ਰੂੜੀ ਪਾਉਂਦੇ ਹਨ, ਜਿਸ ਨਾਲ ਜ਼ਮੀਨ ਦੀ ਗੁਣਵੱਤਾ ਵਧਦੀ ਹੈ। ਦੇਸੀ ਰੂੜੀ ਤਿਆਰ ਕਰਨ ਲਈ ਕਨਾਨ ਕਨਾਲ ਦੇ ਦੋ ਟੋਏ ਪੁੱਟੇ ਹੋਏ ਹਨ ਅਤੇ ਗੋਬਰ ਗਊਸ਼ਾਲਾ ਤੋਂ ਲੈ ਕੇ ਟੋਇਆ ਵਿੱਚ ਭਰ ਦਿੰਦੇ ਹਨ ਅਤੇ ਸਮਾਂ ਆਉਣ ਤੇ ਜਦੋਂ ਰੂੜੀ ਦੀ ਖਾਦ ਤਿਆਰ ਹੋ ਜਾਂਦੀ ਹੈ ਤਾਂ ਖੇਤਾਂ ਵਿੱਚ ਪਾ ਦਿੰਦੇ ਹਨ । ਰਵਾਇਤੀ ਫ਼ਸਲੀ ਚੱਕਰ ਤੋਂ ਹੱਟ ਕੇ ਖੇਤੀ ਵੰਨ-ਸੁਵੰਨਤਾ ਅਪਣਾਉਂਦੇ ਹੋਏ ਉਹ ਆਪਣੇ ਖੇਤਾਂ ਵਿੱਚ ਕੱਦੂ, ਕਰੇਲੇ ਅਤੇ ਤੋਰੀ ਦੇ ਬੀਜ ਆਪ ਤਿਅਰ ਕਰਦੇ ਹਨ, ਕਦੀਂ ਵੀ ਬੀਜ ਮੁੱਲ ਨਹੀਂ ਖਰੀਦਦੇ। ਇਨ੍ਹਾਂ ਦੇ ਫਾਰਮ ਤੋਂ ਹੀ ਨੇੜਲੇ ਪਿੰਡਾਂ ਦੇ ਲੋਕ ਸਬਜ਼ੀਆਂ ਖਰੀਦ ਲੈਂਦੇ ਹਨ। ਜ਼ਿਲ੍ਹਾ ਪੱਧਰ ਦੇ ਵਪਾਰੀ ਉਨ੍ਹਾਂ ਦੇ ਖੇਤਾਂ ਵਿੱਚੋਂ ਹੀ ਸਬਜ਼ੀ ਖਰੀਦ ਕੇ ਲੈ ਜਾਂਦੇ ਹਨ। ਝਾੜ ਕਰੇਲਾ ਅਤੇ ਕੱਦੂ ਉਹ ਜਾਲ ਉੱਪਰ ਲਾਉਂਦੇ ਹਨ, ਜਿਸ ਨਾਲ ਸਬਜ਼ੀਆਂ ਦੀ ਕੁਆਲਿਟੀ, ਦਿੱਖ, ਰੰਗ ਜ਼ਮੀਨ ਉੱਪਰ ਲੱਗੀ ਫ਼ਸਲ ਨਾਲੋਂ ਵਧੀਆ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ੂਗਰ ਰੋਗੀ ਲੋਕ ਉਨ੍ਹਾਂ ਦੇ ਖੇਤਾਂ ਤੋਂ ਹੀ 10-15 ਕਿਲੋ ਕਰੇਲਾ ਇਕੱਠਾ ਹੀ ਲੈ ਜਾਂਦੇ ਹਨ ਅਤੇ ਇਸ ਦੀ ਵਰਤੋਂ ਜੂਸ ਅਤੇ ਸੁੱਕ ਪਾਊਡਰ ਦੇ ਰੂਪ ਵਿੱਚ ਕਰਦੇ ਹਨ। ਝਾੜ ਕਰੇਲੇ ਦੀ ਵਰਤੋਂ ਨਾਲ ਕਈ ਹੋਰ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਇਨ੍ਹਾਂ ਨੇ ਫਾਰਮ ਤੇ ਹੀ ਮਾਹਲ ਰੈਸਟੋਰੈਂਟ ਬਣਾਇਆ ਹੋਇਆ ਹੈ। ਜਿਸ ਵਿੱਚ ਇਨ੍ਹਾਂ ਦੇ ਫਾਰਮ ਤੇ ਲੱਗੀਆਂ ਸਬਜ਼ੀਆਂ ਤੋਂ ਹੀ ਵੱਖੋ-ਵੱਖਰੇ ਪਕਵਾਨ ਤਿਆਰ ਹੁੰਦੇ ਹਨ।

ਉਹ ਹਰੇਕ ਸਬਜ਼ੀ ਅਤੇ ਫ਼ਸਲ ਨੂੰ ਬੀਜਣ ਤੋਂ ਪਹਿਲਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਹਿਰਾਂ ਦੀ ਸਲਾਹ ਨਾਲ ਹੀ ਨਵੀਆਂ ਚੰਗੀਆਂ ਅਤੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਚੋਣ ਕਰਦੇ ਹਨ ਅਤੇ ਮਾਹਿਰਾਂ ਦੀ ਦੇਖ-ਰੇਖ ਹੇਠ ਹੀ ਫ਼ਸਲ ਵਿੱਚ ਕੀਟ-ਨਾਸ਼ਕ, ਉੱਲੀ ਨਾਸ਼ਕ ਅਤੇ ਖਾਦਾਂ ਦੀ ਵਰਤੋਂ ਕਰਦੇ ਹਨ। ਨਦੀਨ-ਨਾਸ਼ਕਾਂ ਦੀ ਵਰਤੋਂ ਉਹ ਬਹੁਤ ਹੀ ਘੱਟ ਕਰਦੇ ਹਨ, ਨਦੀਨਾਂ ਦੀ ਰੋਕਥਾਮ ਲਈ ਉਹ ਗੋਡੀ ਹੀ ਕਰਦੇ ਹਨ ।

ਉਹ ਸਬਜ਼ੀ ਅਤੇ ਫ਼ਸਲ ਦੀ ਮਾਰਕੀਟਿੰਗ ਕਰਨ ਤੋਂ ਪਹਿਲਾਂ ਗਰੇਡ ਕਰਦੇ ਹਨ ਅਤੇ ਆਪਣੀ ਉਪਜ ਨੂੰ ਵਧੀਆ ਤਰੀਕੇ ਨਾਲ ਗਰੇਡ ਕਰਕੇ ਕਰੇਟਾ ਵਿੱਚ ਪੈਕਿੰਗ ਕਰਕੇ ਲੈ ਜਾਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਮੰਡੀ ਵਿੱਚ ਵਧੀਆ ਮੁੱਲ ਮਿਲਦਾ ਹੈ।

ਗੁਰਜੀਤ ਸਿੰਘ ਮਾਹਲ ਮਨੁੱਖੀ ਸਿਹਤ ਲਈ ਖਾਸ ਉਪਰਾਲਾ ਕਰ ਰਹੇ ਹਨ ਅਤੇ ਇਸ ਵੱਲੋਂ ਕੀਤੀ ਜਾਂਦੀ ਖੇਤੀ ਵੇਖ ਕੇ ਇਲਾਕੇ ਦੇ ਕਿਸਾਨ ਬਹੁਤ

ਪ੍ਰਭਾਵਿਤ ਹਨ ਉਹ ਆਪਣੇ ਫਾਰਮ ਤੇ ਆਏ ਕਿਸਾਨਾਂ ਨੂੰ ਪੂਰੀ ਜਾਣਕਾਰੀ ਦਿੰਦੇ ਹਨ । ਆਏ ਹੋਏ ਕਿਸਾਨਾਂ ਨੂੰ ਸਬਜ਼ੀਆਂ ਦੇ ਬੀਜ ਵੀ ਉਪਲਬਧ ਕਰਵਾਉਂਦੇ ਹੈ ਅਤੇ ਤਕਰੀਬਨ 200-250 ਕਿਸਾਨ ਸਬਜ਼ੀਆਂ ਨੂੰ ਵੇਖ ਕੇ ਜਾਣਕਾਰੀ ਹਾਸਲ ਕਰਕੇ ਗਏ ਹਨ। ਮੋਬਾਇਲ ਫੋਨ ਤੇ ਉਹ ਕਿਸਾਨਾਂ ਨੂੰ ਕਿਨੂੰ ਅਤੇ ਸਬਜ਼ੀਆਂ ਬਾਰੇ ਜਾਣਕਾਰੀ ਵੀ ਦਿੰਦੇ ਹਨ। ਇਹ ਕਿਸਾਨ ਜ਼ਿਲ੍ਹਾ ਬਠਿੰਡਾ ਅਤੇ ਪੰਜਾਬ ਦੇ ਕਿਸਾਨਾਂ ਲਈ ਚਾਨਣ ਮੁਨਾਰੇ ਦੇ ਤੌਰ ਤੇ ਕੰਮ ਕਰ ਰਹੇ ਹਨ। ਸ. ਮਾਹਲ ਨੂੰ ਬਾਗਬਾਨੀ ਵਿਭਾਗ ਵੱਲੋਂ ਪੰਜਾਬ ਤੋਂ ਬਾਗਾਂ ਦੇ ਮੁਕਾਬਲਿਆਂ ਵਿੱਚ ਕਈ ਪੁਰਸਕਾਰ ਵੀ ਹਾਸਲ ਹੋਏ ਹਨ ਅਤੇ ਉਨ੍ਹਾਂ ਨੂੰ ਉਦਮੀ ਕਿਸਾਨ ਵਜੋਂ ਵੀ ਜਾਣਿਆ ਜਾਂਦਾ ਹੈ।

ਉਹ ਆਪਣੇ ਫਾਰਮ ਤੇ ਆਉਣ ਵਾਲੇ ਗਾਹਕ ਅਤੇ ਕਿਸਾਨ ਨੂੰ ਇਹੀ ਸੁਝਾਅ ਦਿੰਦੇ ਹਨ ਕਿ ਪੌਣ-ਪਾਣੀ ਅਤੇ ਧਰਤੀ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ ਜਿਸ ਨਾਲ ਸਿਹਤ ਤੰਦਰੁਸਤ ਰਹੇਗੀ। ਇਹ ਵਿਚਾਰਾਂ ਦੇ ਧਾਰਨੀ ਸ. ਮਾਹਲ ਵੱਲੋਂ ਆਧੁਨਿਕ ਲੀਹਾਂ ਤੇ ਖੇਤੀ ਕੀਤੀ ਜਾ ਰਹੀ ਹੈ ਅਤੇ ਇਹ ਇੱਕ ਸ਼ਲਾਘਾਯੋਗ ਉੱਦਮ ਹੈ।